# ਫੇਫੜਿਆਂ ਦੇ ਕੈਂਸਰ ਦਾ ਰਾਸ਼ਟਰੀ ਸਕ੍ਰੀਨਿੰਗ ਪ੍ਰੋਗਰਾਮ ਕੀ ਹੈ?



ਜੁਲਾਈ 2025 ਤੋਂ, ਆਸਟ੍ਰੇਲੀਆ ਵਿੱਚ ਯੋਗਤਾ ਰੱਖਣ ਵਾਲੇ ਲੋਕ ਨੈਸ਼ਨਲ ਲੰਗ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਰਾਹੀਂ ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਵਿੱਚ ਹਿੱਸਾ ਲੈਣ ਦੇ ਯੋਗ ਹੋਣਗੇ।[1]

ਇਹ ਸਕ੍ਰੀਨਿੰਗ ਉਹਨਾਂ ਲੋਕਾਂ ਵਿੱਚ ਕੈਂਸਰ ਦੇ ਲੱਛਣਾਂ ਦਾ ਪਤਾ ਲਗਾਉਣ ਦਾ ਇੱਕ ਤਰੀਕਾ ਹੈ ਜਿਨ੍ਹਾਂ ਵਿੱਚ ਕੋਈ ਲੱਛਣ ਨਹੀਂ ਹੁੰਦੇ। ਇਸਦਾ ਟੀਚਾ ਕੈਂਸਰ ਦਾ ਜਲਦੀ ਪਤਾ ਲਗਾਉਣਾ ਹੈ, ਜਦੋਂ ਇਸਦਾ ਇਲਾਜ ਕਰਨਾ ਆਸਾਨ ਹੁੰਦਾ ਹੈ।

ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਵਿੱਚ ਕਿਸੇ ਵੀ ਛੋਟੀ ਜਿਹੀ ਗੰਢ ਨੂੰ ਲੱਭਣ ਲਈ ਘੱਟ-ਰੇਡੀਏਸ਼ਨ ਵਾਲੇ CT ਸਕੈਨ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸਨੂੰ ਨੋਡਿਊਲ ਕਿਹਾ ਜਾਂਦਾ ਹੈ।

ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ 70% ਫੇਫੜਿਆਂ ਦੇ ਕੈਂਸਰ ਨੂੰ ਇਸਦੇ ਸ਼ੁਰੂਆਤੀ ਪੜਾਵਾਂ 'ਤੇ ਲੱਭ ਸਕਦੀ ਹੈ, ਜਦੋਂ ਹਾਲੇ ਕੋਈ ਲੱਛਣ ਨਹੀਂ ਹੁੰਦੇ ਅਤੇ ਇਲਾਜ ਸਭ ਤੋਂ ਵੱਧ ਪ੍ਰਭਾਵਸ਼ਾਲੀ ਹੁੰਦਾ ਹੈ।[2,3]

Australian Government

NATIONAL
LUNG CANCER
SCREENING
PROGRAM


1. ਮੈਡੀਕਲ ਸੇਵਾਵਾਂ ਦੀ ਸਲਾਹਕਾਰ ਕਮੇਟੀ। 1699 – ਫੇਫੜਿਆਂ ਦੇ ਕੈਂਸਰ ਦੇ ਰਾਸ਼ਟਰੀ ਸਕ੍ਰੀਨਿੰਗ ਪ੍ਰੋਗਰਾਮ ਦਾ ਜਨਤਕ ਸੰਖੇਪ ਦਸਤਾਵੇਜ਼ [ਇੰਟਰਨੈੱਟ]। ਕੈਨਬਰਾ, ਆਸਟ੍ਰੇਲੀਆ: ਆਸਟ੍ਰੇਲੀਆਈ ਸਰਕਾਰ ਦਾ ਸਿਹਤ ਵਿਭਾਗ; 2022 ਜੁਲਾਈ [ਹਵਾਲਾ 2024 ਮਾਰਚ 28]। ਰਿਪੋਰਟ ਨੰ.:1699; https://www.msac.gov.au/applications/1699।
2. ਅਬਰਲੇ, ਡੀ. ਅਤੇ ਹੋਰ। ਨੈਸ਼ਨਲ ਲੰਗ ਸਕ੍ਰੀਨਿੰਗ ਟ੍ਰਾਇਲ ਰਿਸਰਚ ਟੀਮ। ਘੱਟ-ਰੇਡੀਏਸ਼ਨ ਵਾਲੀ ਕੰਪਿਊਟਿਡ ਟੋਮੋਗ੍ਰਾਫਿਕ ਸਕ੍ਰੀਨਿੰਗ ਰਾਹੀਂ ਫੇਫੜਿਆਂ ਦੇ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਕਮੀ। *ਨਿਊ ਇੰਗਲੈਂਡ ਜਰਨਲ ਆਫ਼ ਮੈਡੀਸਨ* 365, 395–409 (2011)।
3. ਡੀ ਕੋਨਿੰਗ, ਐਚ.ਜੇ. ਅਤੇ ਹੋਰ। ਇੱਕ ਰੈਂਡਮ ਟ੍ਰਾਇਲ ਵਿੱਚ ਵੌਲੀਅਮ CT ਸਕ੍ਰੀਨਿੰਗ ਰਾਹੀਂ ਫੇਫੜਿਆਂ ਦੇ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਕਮੀ ਆਈ ਹੈ। *ਨਿਊ ਇੰਗਲੈਂਡ ਜਰਨਲ ਆਫ਼ ਮੈਡੀਸਨ* 382, 503–513 (2020)।



## ਯੋਗਤਾ

ਜੇਕਰ ਤੁਸੀਂ ਹੇਠਾਂ ਦਿੱਤੇ ਸਾਰੇ ਮਾਪਦੰਡ ਪੂਰੇ ਕਰਦੇ ਹੋ ਤਾਂ ਤੁਸੀਂ ਇਸ ਪ੍ਰੋਗਰਾਮ ਲਈ ਯੋਗ ਹੋ:



**ਤੁਹਾਡੀ ਉਮਰ 50 ਤੋਂ 70 ਸਾਲ ਹੋਣੀ ਚਾਹੀਦੀ ਹੈ**

**ਅਤੇ**



**ਹਾਨੂੰ ਫੇਫੜਿਆਂ ਦੇ ਕੈਂਸਰ ਦੇ ਕੋਈ ਲੱਛਣ ਜਾਂ ਨਿਸ਼ਾਨੀ ਨਹੀਂ ਹੋਣੀ ਚਾਹੀਦੀ**
(ਉਦਾਹਰਨ ਵਜੋਂ: ਬਿਨਾਂ ਕਿਸੇ ਕਾਰਨ ਦੇ ਲਗਾਤਾਰ ਖੰਘ, ਖੰਘਦੇ ਹੋਏ ਖ਼ੂਨ ਆਉਣਾ, ਬਿਨਾਂ ਕਿਸੇ ਕਾਰਨ ਸਾਹ ਚੜ੍ਹਨਾ)

**ਅਤੇ**



**ਜੋ ਤੰਬਾਕੂ ਵਾਲੀਆਂ ਸਿਗਰਟਾਂ ਪੀਂਦੇ ਹਨ ਜਾਂ ਪਹਿਲਾਂ ਸਿਗਰਟਨੋਸ਼ੀ ਕਰਦੇ ਰਹੇ ਹੋਣ**
(ਜਿਨ੍ਹਾਂ ਸਿਗਰਟਨੋਸ਼ੀ ਛੱਡੀ ਹੈ ਪਰ 10 ਸਾਲ ਤੋਂ ਘੱਟ ਸਮਾਂ ਹੋਇਆ ਹੈ)

**ਅਤੇ**



**ਜਿੰਨ੍ਹਾਂ ਦਾ ਤੰਬਾਕੂ ਵਾਲੀ ਸਿਗਰਟ ਪੀਣ ਦਾ ਇਤਿਹਾਸ ਘੱਟੋ-ਘੱਟ 30 ਪੈਕ-ਸਾਲ ਦਾ ਹੈ**
(ਉਦਾਹਰਨ ਵਜੋਂ, 30 ਸਾਲਾਂ ਲਈ ਹਰ ਰੋਜ਼ ਇੱਕ ਪੈਕ, ਜਾਂ 15 ਸਾਲਾਂ ਲਈ ਇੱਕ ਦਿਨ ਵਿੱਚ 2 ਪੈਕ ਪੀਤੇ ਹਨ)

ਇਹ ਦੇਖਣ ਲਈ ਕਿ ਕੀ ਤੁਸੀਂ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਦੇ ਯੋਗ ਹੋ ਜਾਂ ਨਹੀਂ, ਤੁਹਾਡਾ ਡਾਕਟਰ ਤੁਹਾਡੇ 'ਪੈਕ-ਯੀਅਰ' ਦਾ ਪਤਾ ਲਗਾਉਣ ਲਈ ਤੁਹਾਡੇ ਨਾਲ ਤੁਹਾਡੇ ਤੰਬਾਕੂ ਵਾਲੀ ਸਿਗਰਟ ਪੀਣ ਦੇ ਇਤਿਹਾਸ ਬਾਰੇ ਗੱਲ ਕਰੇਗਾ। 'ਪੈਕ-ਯੀਅਰ' ਇਸ ਗੱਲ ਦਾ ਅੰਦਾਜ਼ਾ ਲਗਾਉਣ ਦਾ ਤਰੀਕਾ ਹੈ ਕਿ ਕਿਸੇ ਵਿਅਕਤੀ ਨੇ ਕਿੰਨ੍ਹੇ ਸਮੇਂ ਵਿੱਚ ਕੁੱਲ ਕਿੰਨੀਆਂ ਸਿਗਰਟਾਂ ਪੀਤੀਆਂ ਹਨ।

30 ਪੈਕ-ਯੀਅਰ 30 ਸਾਲਾਂ ਤੱਕ ਹਰ ਰੋਜ਼ 20 ਸਿਗਰਟਾਂ ਵਾਲਾ ਇੱਕ ਪੈਕੇਟ ਪੀਣ ਦੇ ਬਰਾਬਰ ਹੁੰਦੇ ਹਨ। ਸ਼ਾਇਦ ਤੁਹਾਨੂੰ ਪੂਰਾ ਪੱਕਾ ਯਾਦ ਨਾ ਹੋਵੇ, ਇਸ ਲਈ ਤੁਹਾਡਾ ਡਾਕਟਰ ਤੁਹਾਡੇ ਪੈਕ-ਯੀਅਰ ਦਾ ਹਿਸਾਬ ਲਗਾਉਣ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ, ਇਸ ਅੰਦਾਜ਼ੇ ਦੇ ਆਧਾਰ 'ਤੇ ਕਿ ਤੁਸੀਂ ਕਿੰਨੇ ਸਾਲਾਂ ਲਈ ਕਿੰਨੀਆਂ ਸਿਗਰਟਾਂ ਪੀਤੀਆਂ ਹਨ। ਇਹ ਜਾਣਕਾਰੀ ਆਪਣੇ ਡਾਕਟਰ ਨਾਲ ਸਾਂਝੀ ਕਰਨੀ ਮਹੱਤਵਪੂਰਨ ਹੈ ਤਾਂ ਜੋ ਪਤਾ ਲੱਗ ਸਕੇ ਕਿ ਤੁਸੀਂ ਸਕ੍ਰੀਨਿੰਗ ਲਈ ਯੋਗ ਹੋ ਜਾਂ ਨਹੀਂ। ਪੈਕ-ਯੀਅਰ ਦਾ ਹਿਸਾਬ ਲਗਾਉਣਾ ਇੱਕ 'ਅਸੰਪੂਰਨ ਵਿਗਿਆਨ' ਹੈ, ਅਤੇ ਸਿਹਤ ਸੰਭਾਲ ਪ੍ਰਦਾਤਾਵਾਂ ਨੂੰ ਇਸ ਪ੍ਰੋਗਰਾਮ ਲਈ ਯੋਗਤਾ ਨਿਰਧਾਰਤ ਕਰਦੇ ਸਮੇਂ ਸਿਗਰਟਨੋਸ਼ੀ ਪੈਕ-ਯੀਅਰ ਦਾ ਹਿਸਾਬ ਲਗਾਉਣ ਲਈ ਕਲੀਨਿਕਲ ਸੂਝ-ਬੂਝ ਅਤੇ ਸਭ ਤੋਂ ਵਧੀਆ ਅੰਦਾਜ਼ਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇੱਕ ਵਾਰ ਜਦੋਂ ਕੋਈ ਵਿਅਕਤੀ ਪ੍ਰੋਗਰਾਮ ਵਿੱਚ ਹਿੱਸਾ ਲੈ ਲੈਂਦਾ ਹੈ, ਤਾਂ ਉਸਦੇ ਸਿਗਰਟਨੋਸ਼ੀ ਇਤਿਹਾਸ ਯੋਗਤਾ ਮਾਪਦੰਡਾਂ ਦੀ ਦੁਬਾਰਾ ਜਾਂਚ ਕਰਨ ਦੀ ਲੋੜ ਨਹੀਂ ਹੁੰਦੀ।

# ਮੈਨੂੰ ਕੀ ਕਰਨ ਦੀ ਲੋੜ ਹੈ?

1. ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਯੋਗ ਹੋ ਸਕਦੇ ਹੋ, ਤਾਂ ਕਿਸੇ ਡਾਕਟਰ ਨਾਲ ਗੱਲ ਕਰੋ ਜੋ ਤੁਹਾਡੀ ਯੋਗਤਾ ਦੀ ਜਾਂਚ ਕਰੇਗਾ। ਤੁਹਾਨੂੰ ਸਕੈਨ ਲਈ ਰੈਫ਼ਰਲ ਦੀ ਲੋੜ ਪਵੇਗੀ। ਜੇਕਰ ਤੁਹਾਡਾ ਡਾਕਟਰ ਬਲਕ-ਬਿੱਲ ਨਹੀਂ ਕਰਦਾ ਹੈ ਤਾਂ ਸਲਾਹ-ਮਸ਼ਵਰਾ ਫ਼ੀਸ ਲਾਗੂ ਹੋ ਸਕਦੀ ਹੈ। ਇਹ ਸਕੈਨ ਮੁਫ਼ਤ ਹੈ, ਅਤੇ ਮੈਡੀਕੇਅਰ ਦੁਆਰਾ ਕਵਰ ਕੀਤਾ ਜਾਂਦਾ ਹੈ।

2. ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਕੋਈ ਜਾਣਕਾਰ ਯੋਗ ਹੋ ਸਕਦਾ ਹੈ, ਤਾਂ ਉਹਨਾਂ ਨੂੰ ਆਪਣੇ ਡਾਕਟਰ ਨਾਲ ਗੱਲ ਕਰਨ ਲਈ ਉਤਸ਼ਾਹਿਤ ਕਰੋ। ਇਹ ਕੋਈ ਦੋਸਤ, ਮਾਤਾ-ਪਿਤਾ, ਦਾਦਾ-ਦਾਦੀ ਜਾਂ ਪਰਿਵਾਰ ਦਾ ਕੋਈ ਹੋਰ ਮੈਂਬਰ ਹੋ ਸਕਦਾ ਹੈ। ਉਹਨਾਂ ਨੂੰ ਆਪਣੇ ਡਾਕਟਰ ਨਾਲ ਗੱਲ ਕਰਨ ਲਈ ਕੁੱਝ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ।

3. ਆਪਣੇ ਡਾਕਟਰ ਤੋਂ ਫੇਫੜਿਆਂ ਦੇ ਕੈਂਸਰ ਦੀ ਜਾਂਚ ਦੇ ਫਾਇਦਿਆਂ ਅਤੇ ਸੰਭਾਵੀ ਨੁਕਸਾਨਾਂ ਬਾਰੇ ਪੁੱਛੋ। ਇਹ ਵੀ ਚਰਚਾ ਕਰੋ ਕਿ ਤੁਹਾਡੀਆਂ ਪਸੰਦਾਂ ਕੀ ਹਨ, ਤਾਂ ਜੋ ਇਹ ਫ਼ੈਸਲਾ ਕੀਤਾ ਜਾ ਸਕੇ ਕਿ ਕੀ ਫੇਫੜਿਆਂ ਦੇ ਕੈਂਸਰ ਦੀ ਜਾਂਚ ਤੁਹਾਡੇ ਲਈ ਸਹੀ ਹੈ ਜਾਂ ਨਹੀਂ।

4. ਤੁਹਾਡਾ ਡਾਕਟਰ ਇਹ ਵੀ ਜਾਂਚ ਕਰੇਗਾ ਕਿ ਕੀ ਤੁਸੀਂ ਘੱਟ-ਰੇਡੀਏਸ਼ਨ ਵਾਲਾ CT ਸਕੈਨ ਕਰਵਾਉਣ ਲਈ ਯੋਗ ਹੋ। ਜੇਕਰ ਤੁਹਾਨੂੰ ਹਾਲ ਹੀ ਵਿੱਚ ਕੋਈ ਸਿਹਤ ਸਮੱਸਿਆ ਆਈ ਹੈ, ਤਾਂ ਸੰਭਵ ਹੈ ਕਿ ਇਸ ਸਮੇਂ ਇਹ ਸਕੈਨ ਤੁਹਾਡੇ ਲਈ ਠੀਕ ਨਾ ਹੋਵੇ। ਉਦਾਹਰਨ ਵਜੋਂ, ਜੇਕਰ ਤੁਸੀਂ ਪਿਛਲੇ 12 ਮਹੀਨਿਆਂ ਵਿੱਚ ਹੋਰ ਸਿਹਤ ਸਮੱਸਿਆਵਾਂ ਲਈ ਕੋਈ CT ਸਕੈਨ ਕਰਵਾਇਆ ਹੋਵੇ ਜਾਂ ਜੇਕਰ ਤੁਹਾਨੂੰ ਪਿਛਲੇ 12 ਹਫ਼ਤਿਆਂ ਵਿੱਚ COVID-19 ਹੋਇਆ ਹੋਵੇ।

5. ਜੇਕਰ ਤੁਸੀਂ ਸਕ੍ਰੀਨਿੰਗ ਲਈ ਯੋਗ ਅਤੇ ਢੁੱਕਵੇਂ ਹੋ, ਅਤੇ ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਵਿੱਚ ਹਿੱਸਾ ਲੈਣ ਲਈ ਸਹਿਮਤੀ ਦਿੰਦੇ ਹੋ, ਤਾਂ ਤੁਹਾਡਾ ਡਾਕਟਰ ਤੁਹਾਨੂੰ ਮੈਡੀਕੇਅਰ ਦੁਆਰਾ ਕਵਰ ਕੀਤੇ ਜਾਂਦੇ ਮੁਫ਼ਤ ਘੱਟ-ਰੇਡੀਏਸ਼ਨ ਵਾਲੇ CT ਸਕੈਨ ਲਈ ਭੇਜੇਗਾ।

6. ਤੁਹਾਡੀ ਸਹਿਮਤੀ ਨਾਲ, ਤੁਹਾਡਾ ਡਾਕਟਰ ਤੁਹਾਡਾ ਨਾਮ ਨੈਸ਼ਨਲ ਕੈਂਸਰ ਸਕ੍ਰੀਨਿੰਗ ਰਜਿਸਟਰ (NCSR) ਵਿੱਚ ਦਰਜ ਕਰੇਗਾ। ਇਹ ਤੁਹਾਨੂੰ ਫੇਫੜਿਆਂ ਦੀ ਸਕ੍ਰੀਨਿੰਗ ਕਰਵਾਉਣਾ ਯਾਦ ਦਿਵਾਉਣ ਵਾਲੇ ਸੰਦੇਸ਼ ਅਤੇ ਤੁਹਾਡੇ ਨਤੀਜੇ ਤੁਹਾਡੇ ਡਾਕਟਰ ਨੂੰ ਭੇਜ ਕੇ ਤੁਹਾਡੀ ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਵਿੱਚ ਮੱਦਦ ਕਰੇਗਾ। ਜੇਕਰ ਤੁਸੀਂ NCSR ਵਿੱਚ ਨਾਮ ਦਰਜ ਨਹੀਂ ਕਰਵਾਉਣਾ ਚਾਹੁੰਦੇ ਹੋ ਤਾਂ ਵੀ ਤੁਸੀਂ ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਵਿੱਚ ਹਿੱਸਾ ਲੈ ਸਕਦੇ ਹੋ। ਪਰ ਜੇਕਰ ਤੁਹਾਡਾ ਨਾਮ ਰਜਿਸਟਰ ਵਿੱਚ ਦਰਜ ਨਹੀਂ ਹੋਵੇਗਾ ਤਾਂ ਤੁਹਾਨੂੰ NCSR ਵੱਲੋਂ ਕੋਈ ਯਾਦ ਦਿਵਾਉਣ ਵਾਲੇ ਸੰਦੇਸ਼ ਜਾਂ ਹੋਰ ਜਾਣਕਾਰੀ ਨਹੀਂ ਮਿਲੇਗੀ।



## ਜਦੋਂ ਤੁਹਾਨੂੰ ਘੱਟ-ਰੇਡੀਏਸ਼ਨ ਵਾਲੇ CT ਸਕੈਨ ਲਈ ਰੈਫ਼ਰਲ ਮਿਲਦਾ ਹੈ, ਤਾਂ ਤੁਹਾਨੂੰ ਇਹ ਕਰਨ ਦੀ ਲੋੜ ਹੋਵੇਗੀ:

- ਆਪਣੇ ਡਾਕਟਰ ਨਾਲ ਗੱਲ ਕਰੋ ਕਿ ਤੁਹਾਡੇ ਇਲਾਕੇ ਵਿੱਚ ਫੇਫੜਿਆਂ ਦੇ ਕੈਂਸਰ ਦੀ ਜਾਂਚ ਕਿੱਥੇ ਕੀਤੀ ਜਾਂਦੀ ਹੈ।
- ਆਪਣੇ ਇਲਾਕੇ ਦੇ ਰੇਡੀਓਲੋਜੀ ਕਲੀਨਿਕ ਜਾਂ (ਪਿੰਡਾਂ ਅਤੇ ਦੂਰਦਰਾਜ਼ ਖੇਤਰਾਂ ਵਿੱਚ ਮੌਜੂਦ) ਮੋਬਾਈਲ ਸਕ੍ਰੀਨਿੰਗ ਟਰੱਕ ਦੀ ਥਾਂ ਉੱਤੇ ਸਕੈਨ ਲਈ ਸਮਾਂ ਬੁੱਕ ਕਰੋ। ਤੁਹਾਡਾ ਸਕੈਨ ਮੈਡੀਕੇਅਰ ਦੁਆਰਾ ਕਵਰ ਕੀਤਾ ਜਾਵੇਗਾ।
- ਆਪਣਾ ਮੁਫ਼ਤ ਘੱਟ-ਰੇਡੀਏਸ਼ਨ ਵਾਲਾ CT ਸਕੈਨ ਕਰਵਾਓ।

## ਆਪਣੇ ਘੱਟ-ਰੇਡੀਏਸ਼ਨ ਵਾਲੇ CT ਸਕੈਨ ਦੇ ਹੋਣ ਤੋਂ ਬਾਅਦ, ਤੁਹਾਨੂੰ ਇਹ ਕਰਨ ਦੀ ਲੋੜ ਹੋਵੇਗੀ:

- ਪਤਾ ਕਰੋ ਕਿ ਤੁਹਾਡੀ ਸੰਪਰਕ ਜਾਣਕਾਰੀ NCSR ਵਿੱਚ ਤਰੋਤਾਜ਼ਾ ਹੈ।
- ਆਪਣੇ ਨਤੀਜਿਆਂ 'ਤੇ ਨਜ਼ਰ ਰੱਖੋ। NCSR ਤੁਹਾਨੂੰ ਦੱਸੇਗਾ ਕਿ ਅੱਗੇ ਕੀ ਕਰਨਾ ਹੈ। ਇਹ ਦੋ ਸਾਲਾਂ ਬਾਅਦ ਜਾਂਚ ਕਰਵਾਉਣ ਲਈ (ਜੇਕਰ ਤੁਹਾਨੂੰ ਬਹੁਤ ਘੱਟ ਜੋਖਮ 'ਤੇ ਪਾਇਆ ਜਾਂਦਾ ਹੈ) ਜਾਂ ਆਪਣੇ ਨਤੀਜਿਆਂ ਲਈ ਆਪਣੇ ਡਾਕਟਰ ਨੂੰ ਮਿਲਣ ਲਈ ਵਾਪਸ ਜਾਣ ਲਈ (ਟੈਕਸਟ ਸੁਨੇਹੇ ਜਾਂ ਪੱਤਰ ਦੁਆਰਾ) ਇੱਕ ਯਾਦ ਦਿਵਾ ਸਕਦਾ ਹੈ।
- ਤੁਹਾਨੂੰ ਜਦੋਂ NCSR ਵੱਲੋਂ ਯਾਦ ਦਿਵਾਉਣ ਵਾਲਾ ਸੰਦੇਸ਼ ਮਿਲੇ, ਤਾਂ ਦੁਬਾਰਾ ਸਕ੍ਰੀਨਿੰਗ ਲਈ ਨਵਾਂ CT ਰੈਫ਼ਰਲ ਲੈਣ ਲਈ ਆਪਣੇ ਡਾਕਟਰ ਕੋਲ ਜਾਓ।

ਜੇਕਰ ਤੁਸੀਂ ਯੋਗ ਹੋ, ਤਾਂ ਤੁਹਾਨੂੰ 70 ਸਾਲ ਦੀ ਉਮਰ ਤੱਕ ਹਰ 2 ਸਾਲ ਬਾਅਦ ਸਕ੍ਰੀਨਿੰਗ ਕਰਵਾਉਣੀ ਚਾਹੀਦੀ ਹੈ। ਹਰ ਦੋ ਸਾਲਾਂ ਬਾਅਦ ਨਿਯਮਤ ਜਾਂਚ ਕਰਵਾਉਣਾ ਫੇਫੜਿਆਂ ਦੇ ਕੈਂਸਰ ਦਾ ਜਲਦੀ ਪਤਾ ਲਗਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ, ਜਦੋਂ ਇਸਦਾ ਇਲਾਜ ਕਰਨਾ ਆਸਾਨ ਹੁੰਦਾ ਹੈ।

ਇਹ ਮਹੱਤਵਪੂਰਨ ਹੈ ਕਿ ਤੁਸੀਂ ਫੇਫੜਿਆਂ ਦੇ ਕੈਂਸਰ ਦੀ ਜਾਂਚ ਕਰਵਾਓ ਭਾਵੇਂ ਤੁਸੀਂ ਠੀਕ ਮਹਿਸੂਸ ਕਰਦੇ ਹੋ।

ਇਹ ਪ੍ਰੋਗਰਾਮ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ ਜਿਨ੍ਹਾਂ ਨੂੰ ਫੇਫੜਿਆਂ ਦੇ ਕੈਂਸਰ ਦਾ ਸਭ ਤੋਂ ਵੱਧ ਖ਼ਤਰਾ ਹੈ, ਪਰ ਜੇਕਰ ਤੁਸੀਂ ਹੁਣ ਯੋਗ ਨਹੀਂ ਹੋ ਤਾਂ ਤੁਹਾਨੂੰ ਅਜੇ ਵੀ ਖ਼ਤਰਾ ਹੋ ਸਕਦਾ ਹੈ।

ਜੇਕਰ ਤੁਸੀਂ ਆਪਣੀ ਉਮਰ ਜਾਂ ਪਹਿਲਾਂ ਸਿਗਰਟਨੋਸ਼ੀ ਕਰਦੇ ਹੋਣ ਦੇ ਕਾਰਨ ਹੁਣ ਇਸ ਪ੍ਰੋਗਰਾਮ ਲਈ ਯੋਗ ਨਹੀਂ ਹੋ, ਤਾਂ ਤੁਸੀਂ ਭਵਿੱਖ ਵਿੱਚ ਯੋਗ ਹੋ ਸਕਦੇ ਹੋ। ਆਪਣੇ ਡਾਕਟਰ ਨਾਲ ਬਕਾਇਦਾ ਚੈੱਕ ਕਰਦੇ ਰਹੋ ਕਿ ਕੀ ਤੁਸੀਂ ਇਸ ਪ੍ਰੋਗਰਾਮ ਦੇ ਤਹਿਤ ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਲਈ ਯੋਗ ਹੋ ਜਾਂ ਨਹੀਂ।

ਜੇਕਰ ਤੁਹਾਨੂੰ ਫੇਫੜਿਆਂ ਦੇ ਕੈਂਸਰ ਦੇ ਕੋਈ ਨਵੇਂ ਲੱਛਣ ਜਾਂ ਨਿਸ਼ਾਨੀਆਂ ਦਿਖਾਈ ਦਿੰਦੇ ਹਨ, ਜਿਵੇਂ ਕਿ ਖੰਘ ਨਾਲ ਖ਼ੂਨ ਆਉਣਾ ਜਾਂ ਬਿਨਾਂ ਕਿਸੇ ਕਾਰਨ ਸਾਹ ਚੜ੍ਹਨਾ, ਤਾਂ ਆਪਣੇ ਡਾਕਟਰ ਨੂੰ ਮਿਲਣਾ ਮਹੱਤਵਪੂਰਨ ਹੈ, ਭਾਵੇਂ ਤੁਹਾਡੇ ਪਿਛਲੇ ਫੇਫੜਿਆਂ ਦੇ ਕੈਂਸਰ ਦੇ ਸਕ੍ਰੀਨਿੰਗ ਦੇ ਨਤੀਜੇ ਬਹੁਤ ਘੱਟ ਜੋਖਮ ਵਾਲੇ ਸਨ।



## ਕੀ ਇਹ ਕੰਮ ਕਰਦਾ ਹੈ?

ਸੰਯੁਕਤ ਰਾਜ ਅਮਰੀਕਾ ਅਤੇ ਯੂਰਪ ਵਿੱਚ ਫੇਫੜਿਆਂ ਦੇ ਕੈਂਸਰ ਦੀ ਜਾਂਚ 'ਤੇ ਖੋਜ ਨੇ ਦਿਖਾਇਆ ਹੈ ਕਿ 70% ਤੱਕ ਫੇਫੜਿਆਂ ਦੇ ਕੈਂਸਰ ਸ਼ੁਰੂਆਤੀ ਪੜਾਵਾਂ ਵਿੱਚ ਪਾਏ ਜਾਂਦੇ ਹਨ, ਜਦੋਂ ਉਨ੍ਹਾਂ ਦਾ ਇਲਾਜ ਜਾਂ ਇਲਾਜ ਕਰਨਾ ਆਸਾਨ ਹੁੰਦਾ ਹੈ।[2,3]

**ਫੇਫੜਿਆਂ ਦੇ ਕੈਂਸਰ ਦੇ ਰਾਸ਼ਟਰੀ ਸਕ੍ਰੀਨਿੰਗ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਇੱਥੇ ਜਾਓ:**

**www.health.gov.au/nlcsp**

**Quitline 13 7848**

**ਸਿਗਰਟਨੋਸ਼ੀ ਛੱਡਣ ਵਿੱਚ ਮੱਦਦ ਲੈਣ ਲਈ ਇੱਥੇ ਜਾਓ:**

**www.quit.org.au**

DT0004838_V01